ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਸੇਵਾ ਵਿਖੇ,

1. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ;
2. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖ;
3. ਸਮੂਹ ਡਵੀਜਨਾਂ ਦੇ ਕਮਿਸ਼ਨਰ;
4. ਸਮੂਹ ਡਿਪਟੀ ਕਮਿਸ਼ਨਰਜ਼, ਜਿਲਾ ਤੇ ਸੈਸ਼ਨ ਜੱਜ;
5. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ;
6. ਸਕੱਤਰ, ਪੰਜਾਬ ਵਿਧਾਨ ਸਭਾ।

ਵਿਸ਼ਾ:- GIS (Group (Insurance Scheme) ਦੀ Subscription ਦਰਾਂ ਵਿਚ ਵਾਧਾ ਕਰਨ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਿਵਲ ਸਰਵਿਸਜ਼, ਜਿਲਦ-2, ਚੈਪਟਰ-XV ਰੂਲ 15.1 (b), Appendix-VII ਵੱਲ ਦਿਵਾਉਣ ਦੀ ਹਦਾਇਤ ਹੋਈ ਹੈ। ਜਿਸ ਅਨੁਸਾਰ ਜੀ.ਆਈ.ਐਸ. ਦੀ ਸਬਸਕ੍ਰਿਪਸ਼ਨ ਦੀਆਂ ਦਰਾਂ ਹੇਠ ਅਨੁਸਾਰ ਨਿਸ਼ਚਿਤ ਹਨ:

| | |
|---|---|
| Group-A | 120 |
| Group-B | 60 |
| Group-C | 30 |
| Group-D | 15 |

2. ਜੀ.ਆਈ.ਐਸ. ਦੀ ਸਬਸਕ੍ਰਿਪਸ਼ਨ ਦਰਾਂ ਸਬੰਧੀ ਸਰਕਾਰ ਪੱਧਰ ਤੇ ਹੋਈ ਮੀਟਿੰਗ ਵਿਚ ਲਏ ਫੈਸਲੇ ਅਨੁਸਾਰ ਮਿਤੀ 01.01.2023 ਤੋਂ ਹੇਠ ਅਨੁਸਾਰ ਵਾਧਾ ਕੀਤਾ ਜਾਂਦਾ ਹੈ:

| ਗਰੁੱਪ | GIS Monthly contribution ਦੀ ਮੌਜੂਦਾ ਦਰ (in Rs.)(per month) | GIS Monthly contribution ਦੀ ਰਿਵਾਈਜ਼ਡ ਦਰਾਂ (in Rs.)(per month) |
|---|---|---|
| Group-A | 120 | 480 |
| Group-B | 60 | 240 |
| Group-C | 30 | 120 |
| Group-D | 15 | 60 |

ii. GIS Subscription ਦੀਆਂ ਮੌਜੂਦਾ ਦਰਾਂ ਉਕਤ ਦਰਸਾਏ ਅਨੁਸਾਰ ਰਿਵਾਇਜ਼ ਕਰਨ ਉਪਰੰਤ ਜੇਕਰ ਕਿਸੇ ***ਅਧਿਕਾਰੀ / ਕਰਮਚਾਰੀ ਦੀ ਸੇਵਾ ਦੌਰਾਨ ਅਚਾਨਕ ਮੌਤ ਹੋ ਜਾਂਦੀ ਹੈ ਤਾਂ*** ਇਸ ਸਕੀਮ ਤਹਿਤ ਮ੍ਰਿਤਕ ਕਰਮਚਾਰੀ ਦੇ ਵਾਰਸਾਂ ਨੂੰ ਹੇਠ ਅਨੁਸਾਰ ਅਦਾਇਗੀ ਕੀਤੀ ਜਾਣੀ ਹੈ:

| ਗਰੁੱਪ | ਮੌਜੂਦਾ ਸਮੇਂ ਵਿਚ ਕੀਤੀ ਜਾ ਰਹੀ ਅਦਾਇਗੀ (ਰੁਪਏ ਵਿਚ) | **GIS Subscription ਦੀਆਂ ਦਰਾਂ ਰਿਵਾਈਜ਼ ਹੋਣ ਉਪਰੰਤ ਮ੍ਰਿਤਕ ਦੇ ਵਾਰਸਾਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਦੀ ਤਜਵੀਜ਼ਤ ਰਾਸ਼ੀ (ਰੁਪਏ ਵਿਚ)** |
|---|---|---|
| G roup-A | 1,20,000/- | **4,80,000** |
| Group-B | 60,000/- | **2,40,000** |
| Group-C | 30,000/- | **1,20,000** |
| Group-D | 15,000/- | **60,000** |

3. ਰਾਜ ਵਿਚ ਕੰਮ ਕਰ ਰਹੇ All India Services ਦੇ ਅਧਿਕਾਰੀਆਂ ਦੀਆਂ monthly GIS Subscription ਦੀਆਂ ਦਰਾਂ ਭਾਰਤ ਸਰਕਾਰ ਵਲੋਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਪ੍ਰੰਤੂ ਭਾਰਤ ਸਰਕਾਰ ਵਲੋਂ GIS ਦੀਆਂ ਦਰਾਂ ਨੂੰ ਰਿਵਾਇਜ਼ ਨਹੀਂ ਕੀਤਾ ਗਿਆ ਹੈ। ਪੰਜਾਬ CSR Vol-II ਦੇ ਨਿਯਮ 15.1 (ਡੀ) ਵਿਚ ਉਪਬੰਧ ਕੀਤਾ ਗਿਆ ਹੈ ਕਿ ਰਾਜ ਦੇ ਕਰਮਚਾਰੀਆਂ ਲਈ ਲਾਗੂ GIS ਦੀਆਂ ਦਰਾਂ All India Services ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੋਣਗੀਆਂ। ਇਸ ਲਈ ਰਾਜ ਦੇ ਕਰਮਚਾਰੀਆਂ ਲਈ ਰਿਵਾਇਜ਼ ਕੀਤੀਆਂ ਜਾਣ ਵਾਲੀਆਂ GIS ਦੀਆਂ ਦਰਾਂ All India Services ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੋਣਗੀਆਂ।

ਵਿਸ਼ਵਾਸਪਾਤਰ

ਬਲਜੀਤ ਕੌਰ

(ਬਲਜੀਤ ਕੌਰ)

(ਅਧੀਨ ਸਕੱਤਰ)

ਪਿ.ਅੰ.ਨੰ: FD-FP-2020(GIS)/1/2020-5FP2/1/368865/2022 ਮਿਤੀ: 30-5-2022

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਮੁੱਖ ਸਕੱਤਰ,ਪੰਜਾਬ।
2. ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,ਪੰਜਾਬ।
3. ਸਥਾਨਕ ਵਿੱਤੀ ਕਮਿਸ਼ਨ,ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਬਲਜੀਤ ਕੌਰ

ਪਿ.ਅੰ.ਨੰ: FD-FP-2020(GIS)/1/2020-5FP2/1/368865/2022 ਅਧੀਨ ਸਕੱਤਰ ਮਿਤੀ: 30-5-2022

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਲੇਖਾਕਾਰ (ਪੜਤਾਲ) ਪੰਜਾਬ , ਚੰਡੀਗੜ;
2. ਪ੍ਰਮੁੱਖ ਮਹਾਲੇਖਾਕਾਰ (ਲੇਖਾ ਅਤੇ ਪ੍ਰਾਪਤੀਆਂ) ਪੰਜਾਬ , ਚੰਡੀਗੜ।

ਅਧੀਨ ਸਕੱਤਰ

ਪਿ.ਅੰ.ਨੰ: FD-FP-2020(GIS)/1/2020-5FP2/ 1/368865/2022 ਮਿਤੀ: 30-5-2022

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਪਿ.ਅੰ.ਨੰ: FD-FP-2020(GIS)/1/2020-5FP2/ 1/368865/2022 ਮਿਤੀ: 30-5-2022

ਉਤਾਰਾ ਡਾਇਰੈਕਟਰ, ਖਜਾਨਾ ਅਤੇ ਲੇਖਾ, ਪੰਜਾਬ ਅਤੇ ਸਮੂਹ ਜਿਲਾ ਖਜਾਨਾ ਅਫਸਰ/ਖਜਾਨਾ ਅਫਸਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਪਿ.ਅੰ.ਨੰ: FD-FP-2020(GIS)/1/2020-5FP2/ 1/368865/2022 ਮਿਤੀ: 30-5-2022

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ;
2. ਰਾਜ ਸੂਚਨਾ ਅਫਸਰ/NIC, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ;

ਅਧੀਨ ਸਕੱਤਰ